# ਪੰਜਾਬੀ
# TMA
**(Senior Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

ਪ੍ਰ.1. **ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਸਾਡਾ ਦੇਸ ਸੰਤਾਂ, ਮਹਾਂਪੁਰਸ਼ਾਂ ਦਾ ਦੇਸ਼ ਹੈ। ਇਸ ਦੇਸ ਵਿੱਚ ਵੱਖ-ਵੱਖ ਧਰਮਾਂ ਦੇ ਸੰਤਾਂ, ਮਹਾਤਮਾ ਨੇ ਆਪਸੀ ਭਾਈਚਾਰੇ, ਪ੍ਰੇਮ-ਪਿਆਰ ਦਾ ਸੰਦੇਸ਼ ਸਾਂਝੀ ਮਨੁੱਖਤਾ ਨੂੰ ਦਿੱਤਾ, ਬਾਬਾ ਫਰੀਦ ਨੇ ਵੀ ਆਪਣੀਆਂ ਵੱਖ-ਵੱਖ ਰਚਨਾਵਾਂ ਰਾਹੀਂ ਇਸੇ ਗੱਲ ਨੂੰ ਸਮਾਜ ਦੇ ਸਾਮਣੇ ਲਿਆਂਦਾ ਹੈ, ਤੁਸੀਂ ਉਹਨਾਂ ਦੇ ਮਸ਼ਹੂਰ ਸਲੋਕ 'ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ' ਦਾ ਭਾਵਾਰਥ ਸਪਸ਼ਟ ਕਰੋ।

**ਜਾਂ**

ਤੁਸੀਂ ਲਿਖਦੇ ਸਮੇਂ ਵੱਖ-ਵੱਖ ਵਾਕਾਂ ਜਿਵੇਂ ਸੰਯੁਕਤ, ਮਿਸ਼ਰਤ, ਸਾਧਾਰਨ, ਗੁੰਝਲਦਾਰ ਆਦਿ ਵਾਕਾਂ ਨੂੰ ਪੜ੍ਹਦੇ ਅਤੇ ਲਿਖਦੇ ਹੋ। ਇਸੇ ਤਰ੍ਹਾਂ ਵੱਖ-ਵੱਖ ਵਾਕਾਂ ਦੀ ਪਰਿਭਾਸ਼ਾ ਦਿੰਦੇ ਹੋਏ ਬਿਆਨੀਆ ਵਾਕ ਬਾਰੇ ਜਾਣਕਾਰੀ ਦਿਓ।

**ਜਾਂ**

ਤੁਹਾਨੂੰ ਦੇਸ਼ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ ਤੇ ਤੁਸੀਂ ਵੇਖਿਆ ਕਿ ਵੱਖ-ਵੱਖ ਸੂਬਿਆਂ ਅੰਦਰ ਰਹਿਣ ਵਾਲੇ ਨੌਜਵਾਨਾਂ ਦਾ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵਾ ਵੱਖੋ-ਵੱਖਰਾ ਹੋ ਸਕਦਾ ਹੈ। ਹੁਣ ਤੁਸੀਂ ਪੰਜਾਬ ਦੇ ਜਵਾਨਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ਉਸ ਬਾਬਤ ਆਪਣੇ ਵਿਚਾਰ ਪ੍ਰਗਟ ਕਰੋ।

**ਜਾਂ**

ਗੁਰੂ ਨਾਨਕ ਦੇਵ ਜੀ ਵੱਲੋਂ ਮਾਨਵਤਾ ਦੀ ਭਲਾਈ ਖਾਤਰ ਉਦਾਸੀਆਂ ਕੀਤੀਆਂ ਤੇ ਆਪਣੀਆਂ ਉਦਾਸੀਆਂ ਦੌਰਾਨ ਉਹਨਾਂ ਵੱਲੋ ਭੁੱਲੇ-ਭਟਕੇ ਲੋਕਾਂ ਨੂੰ ਵਹਿਮ-ਭਰਮ ਤਿਆਗਦੇ ਹੋਏ ਸੱਚ ਦੇ ਮਾਰਗ ਉਤੇ ਚੱਲਣ ਲਈ ਪ੍ਰੇਰਿਆ। ਹਸਨ ਅਬਦਾਲ ਦੀ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਨਾਲ ਉਹਨਾਂ ਦਾ ਕਿਹੜਾ ਸਾਥੀ ਸੀ ਤੇ ਉਸ ਨਾਲ ਕੀ ਬੀਤੀ। ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਪ੍ਰ.2. **ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਸ਼ਹੂਰ ਲੇਖਕ, ਅਦਾਕਾਰ ਬਲਰਾਜ ਸਾਹਨੀ ਨੇ ਆਪਣੇ ਜੀਵਨ ਵਿੱਚ ਜਿੱਥੇ ਅਦਾਕਾਰੀ ਅੰਦਰ ਆਪਣੇ ਦੇ ਜੌਹਰ ਵਿਖਾਏ ਉਥੇ ਹੀ ਸਾਹਿਤ ਰਚਨਾ ਵਿੱਚ ਉਹਨਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। 'ਅਥਰੂ' ਵਾਰਤਕ ਰਚਨਾ ਬਾਰੇ ਭਾਵ ਪੂਰਨ ਟਿੱਪਣੀ ਲਿਖੋ।

**ਜਾਂ**

ਮਨੁੱਖ ਨੂੰ ਆਪਣੇ ਜੀਵਨ ਵਿੱਚ ਹਰ ਕਿਸੇ ਨੂੰ ਪਿਆਰ ਨਾਲ ਬੋਲਣਾ ਚਾਹੀਦਾ ਹੈ ਤੇ ਇਸ ਦੀ ਆਰੰਭਤਾ ਵਿਦਿਆਰਥੀ ਜੀਵਨ ਵਿੱਚ ਹੀ ਹੁੰਦੀ ਹੈ। ਮਾੜੇ ਬੋਲ ਬੋਲਣ ਵਾਲਾ ਆਪ ਵੀ ਦੁਖੀ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਦੁਖੀ ਕਰਦਾ

ਹੈ। ਮਿੱਠਾ ਬੋਲਣ ਵਾਲਾ ਮਨੁੱਖ ਆਪਣੇ ਜੀਵਨ ਅੰਦਰ ਕਦੇ ਵੀ ਹਾਰਦਾ ਨਹੀਂ ਹੈ, ਲਕੀਰੇ ਸ਼ਬਦ ਦਾ ਵਿਰੋਧੀ ਸ਼ਬਦ ਦੇ ਦੋ-ਦੋ ਵਾਕ ਬਣਾਓ।

**ਜਾਂ**

ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਨਦੀਆਂ, ਦਰਿਆ ਵਹਿੰਦੇ ਹਨ ਜੋ ਅਣਗਿਣਤ ਹਨ ਭਾਵੇਂ ਗੰਗਾ, ਜਮਨਾ ਵਰਗੀਆਂ ਨਦੀਆਂ ਹੋਣ। ਕਿਹੜੇ-ਕਿਹੜੇ ਦਰਿਆ ਦੇ ਨਾਂ ਉੱਤੇ ਪੰਜਾਬ ਦਾ ਨਾਂ ਪਿਆ ਉਹਨਾਂ ਬਾਰੇ ਜਾਣਕਾਰੀ ਦਿਓ।

**ਜਾਂ**

ਗੁਰੂ ਨਾਨਕ ਦੇਵ ਜੀ ਦੇ ਨਾਲ ਅਨੇਕਾਂ ਧਰਮ ਸਥਾਨ ਸੰਬੰਧਤ ਹਨ। ਹਸਨ ਅਬਦਾਲ ਸ਼ਹਿਰ ਦੇ ਬਾਰੇ ਤੁਸੀਂ ਕੀ ਜਾਣਦੇ ਹੋ ਇਸ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਓ।

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਆਪਣੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੋਈ ਨਾ ਕੋਈ ਤਜ਼ਰਬਾ ਕਰਦਾ ਰਹਿੰਦਾ ਹੈ ਤੇ ਖਾਸ ਤੌਰ ਉੱਤੇ ਭਾਸ਼ਾ ਨੂੰ ਖਿੱਚ ਭਰਪੂਰ ਬਣਾਉਣ ਵਾਸਤੇ ਵੀ ਨਵੇਂ ਤੋਂ ਨਵੇਂ ਤਜ਼ਰਬੇ ਕਰਦਾ ਹੈ। ਕਿਸੇ ਵੀ ਭਾਸ਼ਾ ਦੀ ਜਿੰਦ-ਜਾਨ ਮੁਹਾਵਰੇ ਅਤੇ ਅਖਾਣ ਹੁੰਦੇ ਹਨ। ਇਹਨਾਂ ਵਿਚਲਾ ਅੰਤਰ ਸਪਸ਼ਟ ਕਰਦੇ ਹੋਏ ਆਪਣਾ ਜਵਾਬ 30-40 ਸ਼ਬਦਾਂ ਵਿੱਚ ਲਿਖੋ।

**ਜਾਂ**

ਪੰਜਾਬੀਅਤ ਦੀ ਪਛਾਣ ਕਰਾਉਣ ਵਾਲੇ ਬਲਰਾਜ ਸਾਹਨੀ ਨੇ ਆਪਣੇ ਜੀਵਨ ਵਿੱਚ ਅਨੇਕਾਂ ਲੋਕਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਸਹਾਇਤਾ ਕੀਤੀ ਹੈ ਭਾਵੇਂ ਇਹ ਸਹਾਇਤਾ ਆਰਥਕ, ਸਾਹਿਤਕ, ਅਦਾਕਾਰੀ ਦੇ ਖੇਤਰ ਵਿੱਚ ਸੀ। ਇਸੇ ਤਰ੍ਹਾਂ ਉਹਨਾਂ ਦੀ ਮਸ਼ਹੂਰ ਰਚਨਾ 'ਅਥਰੂ' ਵਿੱਚ ਇਕ ਨੌਜਵਾਨ ਦੀ ਸਹਾਇਤਾ ਉਨ੍ਹਾਂ ਨੇ ਕਿਵੇਂ ਕੀਤੀ ਇਸ ਬਾਰੇ ਲਿਖੋ।

**ਜਾਂ**

ਤੁਸੀਂ ਦੇਸ-ਪ੍ਰਦੇਸ ਦੀ ਯਾਤਰਾ ਕਰਦੇ ਹੋ ਤਾਂ ਉਥੋਂ ਦੇ ਲੋਕਾਂ ਦੇ ਰਹਿਣ-ਸਹਿਣ ਬਾਰੇ ਵੀ ਜਾਣਕਾਰੀ ਹਾਸਲ ਕਰਦੇ ਹੋਵੋਗੇ। ਨਿਊਯਾਰਕ ਸ਼ਹਿਰ ਤੇ ਜਿਸ ਸ਼ਹਿਰ ਵਿੱਚ ਤੁਸੀਂ ਰਹਿੰਦੇ ਹੋ ਉਸ ਸ਼ਹਿਰ ਦੀ ਤੁਲਨਾ ਕਰਦੇ ਹੋਏ ਆਪਣੇ ਵਿਚਾਰ ਲਿਖੋ।

**ਜਾਂ**

ਕਿਸੇ ਸਮੇਂ ਸਾਡਾ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ। ਉਸ ਵੇਲੇ ਉਨ੍ਹਾਂ ਵੱਲੋਂ ਭਾਰਤ ਵਾਸੀਆਂ ਤੇ ਬੇਇੰਤਹਾ ਜ਼ੁਲਮ ਕੀਤੇ ਜਾਂਦੇ ਸਨ, ਇਹਨਾਂ ਜ਼ੁਲਮਾਂ ਦੀ ਇੰਤਹਾ ਉਦੋਂ ਹੋਈ ਜਦੋਂ ਨਿਹੱਥੇ ਲੋਕਾਂ ਉੱਤੇ ਗੋਲੀਆਂ ਚਲਾ ਕੇ ਉਹਨਾਂ ਨੂੰ ਮਾਰ ਦਿੱਤਾ ਗਿਆ। ਤੁਸੀਂ 'ਸਾਕੇ' ਬਾਰੇ ਕੀ ਜਾਣਦੇ ਹੋ ਤੁਹਾਡੀ ਪਾਠ ਪੁਸਤਕ ਵਿੱਚ ਕਿਸ ਰਚਨਾ ਅੰਦਰ ਇਸ ਦਾ ਜ਼ਿਕਰ ਆਇਆ ਹੈ ਇਸੇ ਬਾਰੇ ਦੱਸੋ।

**ਪ੍ਰ.4. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਲੇਖਕ ਕਰਤਾਰ ਸਿੰਘ ਦੁੱਗਲ ਬਚਪਨ ਤੋਂ ਹੀ ਵਿਗਿਆਨਕ ਸੋਚ ਦਾ ਧਾਰਣੀ ਸੀ। ਜਿਸ ਕਰਕੇ ਉਹ ਹਰ ਗੱਲ ਨੂੰ ਤਾਰਕਿਕ ਢੰਗ ਨਾਲ ਕਰਦਾ ਸੀ। ਉਸ ਵੱਲੋਂ ਮਹਾਂਪੁਰਖਾਂ ਬਾਰੇ ਕਿੰਤੂ-ਪਰੰਤੂ ਕਰਨ ਕਰਕੇ ਕਈ ਵਾਰੀ ਉਹਦੀ ਮਾਂ ਨਾਲ ਲੜਾਈ ਵੀ ਹੋ ਜਾਂਦੀ ਸੀ। ਸਹੀ ਅਰਥਾਂ ਵਿੱਚ ਲੇਖਕ ਨੂੰ 'ਪੰਜਾ ਸਾਹਿਬ' ਦੀ ਸਾਖੀ ਬਾਰੇ ਕਿਵੇਂ ਅਤੇ ਕਦੋਂ ਯਕੀਨ ਆਇਆ।

**ਜਾਂ**

ਸਦੀਆਂ ਪੁਰਾਣੀ ਸਾਡੇ ਦੇਸ ਦੀ ਸੰਸਕ੍ਰਿਤੀ ਹੈ ਕਿ ਦੁੱਖ ਵੇਲੇ ਹਰ ਕਿਸੇ ਦੀ ਸਹਾਇਤਾ ਬਿਨਾਂ ਕਿਸੇ ਭੇਦ-ਭਾਵ ਦੇ

ਕੀਤੀ ਜਾਵੇ ਤੇ ਮੌਜੂਦਾ ਸਮੇਂ ਵਿੱਚ ਵੀ ਇਸ ਨੂੰ ਨਿਭਾਇਆ ਜਾ ਰਿਹਾ ਹੈ। ਪੰਜਾਬ ਦੇ ਜਵਾਨਾਂ ਵੱਲੋਂ ਦੂਜਿਆਂ ਦੀ ਮਦਦ ਕਿਵੇਂ ਕੀਤੀ ਜਾਂਦੀ ਹੈ ਇਸ ਬਾਰੇ ਆਪਣਾ ਉੱਤਰ ਦਿਓ।

ਜਾਂ

ਨਾਇਕ ਬਲਰਾਜ ਸਾਹਨੀ ਦਾ ਜੀਵਨ ਬਹੁਤ ਹੀ ਰੁੱਝਿਆ ਹੋਇਆ ਹੁੰਦਾ ਸੀ। ਇਸ ਦੇ ਬਾਵਜੂਦ ਉਹ ਸਾਹਿਤ ਰਚਨਾ ਵਿੱਚ ਵੀ ਆਪਣਾ ਯੋਗਦਾਨ ਦੇਣ ਦਾ ਉਪਰਾਲਾ ਕਰਦਾ ਰਹਿੰਦਾ ਸੀ। ਇੱਕ ਵਾਰੀ ਉਸ ਕੋਲ ਕੋਈ ਨੌਜਵਾਨ ਜਦੋਂ ਮੰਗਣ ਆਇਆ ਤਾਂ ਉਹ ਉਸ ਦੀ ਯੋਗਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੌਜਵਾਨ ਦੀ ਕਿਹੜੀ ਯੋਗਤਾ ਸੀ ਜਿਸ ਨੇ ਉਸ ਨੂੰ ਪ੍ਰਭਾਵਿਤ ਕੀਤਾ ਇਸ ਬਾਰੇ ਆਪਣੇ ਵਿਚਾਰ ਲਿਖੋ।

**ਜਾਂ**

ਸਾਨੂੰ ਆਪਣੇ ਜੀਵਨ ਵਿੱਚ ਕਦੇ ਨਾ ਕਦੇ ਕੋਈ ਯਾਤਰਾ ਕਰਨ ਦਾ ਮੌਕਾ ਮਿਲਦਾ ਰਹਿੰਦਾ ਹੈ। ਖਾਸ ਤੌਰ ਉੱਤੇ ਜਦੋਂ ਵੀ ਅਸੀਂ ਕਿਸੇ ਪਿੰਡ, ਸ਼ਹਿਰ ਜਾਂਦੇ ਹਾਂ ਤਾਂ ਉਥੇ ਜਾਣ ਲਈ ਕੋਈ ਨਾ ਕੋਈ ਸਾਧਨ ਇਸਤੇਮਾਲ ਕਰਦੇ ਹਾਂ। ਇਸ ਬਾਰੇ ਕੁੱਝ ਲਿਖਦੇ ਵੀ ਹਾਂ, ਇਸ ਨੂੰ ਡਾਇਰੀ ਜਾਂ ਸਫ਼ਰ ਦਾ ਬਿਆਨ ਕਹਿ ਸਕਦੇ ਹਾਂ। ਬਲਵੰਤ ਗਾਰਗੀ ਦੇ ਸਫ਼ਰਨਾਮੇ ਬਾਰੇ ਆਪਣੇ ਵਿਚਾਰ ਲਿਖੋ।

**ਪ੍ਰ. 5. ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਅਸੀਂ ਆਪਣੇ ਜੀਵਨ ਵਿੱਚ ਕਦੇ ਦੁਖੀ ਹੁੰਦੇ ਹਾਂ ਤੇ ਕਦੇ ਸੁਖੀ ਹੁੰਦੇ ਹਾਂ। ਇਹੋ ਜਿਹੇ ਪਲਾਂ ਨੂੰ ਕਈ ਵਾਰੀ ਲਿਖਤੀ ਰੂਪ ਦਿੰਦੇ ਹੋਏ ਉਸ ਨੂੰ ਹਮੇਸ਼ਾ ਲਈ ਸੰਭਾਲ ਕੇ ਰੱਖਦੇ ਹਾਂ। ਆਮ ਬੋਲਚਾਲ ਦੀ ਭਾਸ਼ਾ ਵਿੱਚ ਇਸ ਨੂੰ 'ਡਾਇਰੀ ਰਚਨਾ' ਵੀ ਕਿਹਾ ਜਾਂਦਾ ਹੈ। ਮੁੱਖ ਤੌਰ ਤੇ ਡਾਇਰੀ ਕੀ ਹੁੰਦੀ ਹੈ ਤੇ ਇਸ ਨੂੰ ਕੌਣ ਤੇ ਕਿਉਂ ਲਿਖਦਾ ਹੈ। ਇਸ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਓ।

**ਜਾਂ**

ਅਸੀਂ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਤੋਂ ਜ਼ਰੂਰ ਪ੍ਰਭਾਵਿਤ ਹੁੰਦੇ ਹਾਂ ਤੇ ਉਸ ਦੀ ਸ਼ਖਸ਼ੀਅਤ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਜਿਹੀ ਸ਼ਖਸ਼ੀਅਤ 'ਬਲਵੰਤ ਗਾਰਗੀ' ਦੇ ਜੀਵਨ ਤੋਂ ਤੁਹਾਨੂੰ ਕੀ ਪ੍ਰੇਰਣਾ ਮਿਲਦੀ ਹੈ ਇਸ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਕਰਾਮਾਤ ਕਹਾਣੀ ਵਿੱਚ ਸਿਰਲੇਖ ਅਨੁਸਾਰ ਕੋਈ ਕਰਾਮਾਤ ਘੱਟਦੀ ਹੋਈ ਨਜ਼ਰ ਨਹੀਂ ਆਉਂਦੀ। ਲੇਕਿਨ ਇਹ ਸਿਰਲੇਖ ਸਾਨੂੰ ਇੱਕ ਵੱਖਰੀ ਕਿਸਮ ਦਾ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ। ਉਹ ਸੁਨੇਹਾ ਕਿਹੜਾ ਹੈ? ਆਪਣੇ ਵਿਚਾਰ ਪ੍ਰਗਟ ਕਰੋ।

**ਜਾਂ**

ਵਿਆਕਰਨ ਭਾਸ਼ਾ ਦਾ ਮੂਲ ਆਧਾਰ ਹੁੰਦੀ ਹੈ। ਬਿਨਾਂ ਵਿਆਕਰਨ ਦੇ ਕਿਸੇ ਵੀ ਭਾਸ਼ਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਦੇ ਵਿਆਕਰਨ ਦੇ ਨਿਯਮਾਂ ਸੰਬੰਧੀ ਤੁਸੀਂ ਕੀ ਜਾਣਦੇ ਹੋ ਅਤੇ ਮੁੱਖ ਤੌਰ ਤੇ ਇਹ ਕਿਹੜੇ-ਕਿਹੜੇ ਹੁੰਦੇ ਹਨ, ਇਸ ਬਾਰੇ ਦੱਸੋ।

**ਪ੍ਰ. 6. ਕੋਈ ਇੱਕ ਪ੍ਰੋਜੈਕਟ ਬਣਾਓ—** (6)

'ਅੱਥਰੂ' ਡਾਇਰੀ ਅੰਸ਼ ਦੇ ਆਧਾਰ ਤੇ ਤੁਸੀਂ ਇਕ ਮਹੀਨੇ ਦੀ ਆਪਣੀ ਰੋਜ਼ਾਨਾ ਜੀਵਨ ਦੀ ਡਾਇਰੀ ਲਿਖੋ ਤੇ ਮਹੀਨੇ ਦੇ ਅਖੀਰ ਤੇ ਪੜਚੋਲ ਕਰੋ ਕਿ ਸਭ ਤੋਂ ਚੰਗਾ ਕੰਮ ਕਿਹੜਾ ਕੀਤਾ ਤੇ ਕਿਹੜੇ ਕੰਮ ਵਿੱਚ ਸੁਧਾਰ ਕਰਕੇ ਤੁਸੀਂ ਹੋਰ ਚੰਗੇ ਬਣ ਸਕਦੇ ਹੋ?

**ਜਾਂ**

ਭਾਰਤ 1947 ਵਿੱਚ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ ਤੇ ਇਸ ਦੇ ਦੋ ਟੁਕੜੇ ਵੀ ਹੋਏ ਸਨ। ਦੂਜਾ ਟੁਕੜਾ ਕਿਹੜੇ

ਪ੍ਰਾਂਤ ਦਾ ਹੋਇਆ। ਉਸਦਾ 1947 ਤੋਂ ਪਹਿਲੇ ਦਾ ਨਕਸ਼ਾ ਤੇ ਮੌਜੂਦਾ ਨਕਸ਼ਾ ਤਿਆਰ ਕਰੋ ਤੇ ਪੰਜ ਪ੍ਰਮੁੱਖ ਸ਼ਹਿਰਾਂ ਦੇ ਨਾਲ ਵਿੱਚ ਚਿੰਨ੍ਹਤ ਕਰੋ।

**ਜਾਂ**

ਅੱਜ ਅਮਰੀਕਾ ਵਿਸ਼ਵ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਸਮਰੱਥ ਮੁਲਕ ਹੈ। ਇਥੋਂ ਦੇ ਲੋਕਾਂ ਦੇ ਖਾਣ-ਪੀਣ ਤੇ ਰਹਿਣ ਸਹਿਣ ਦਾ ਢੰਗ ਵੀ ਵੱਖਰਾ ਹੈ। ਆਪਣੇ ਮੁਲਕ ਦੇ ਨਾਲ ਤੁਲਨਾ ਕਰਦੇ ਹੋਏ ਇਸ ਬਾਰੇ ਇਕ ਤਾਲਿਕਾ ਤਿਆਰ ਕਰੋ ਤੇ ਲੋੜ ਮੁਤਾਬਕ ਤਸਵੀਰਾਂ ਦੀ ਵਰਤੋਂ ਵੀ ਕਰੋ।

**ਜਾਂ**

ਮੁਹਾਵਰੇ ਅਤੇ ਅਖਾਣ ਸਾਡੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹਨ ਤੇ ਸਾਡੇ ਜੀਵਨ ਨੂੰ ਇਕ ਲੈਅ ਪ੍ਰਦਾਨ ਕਰਦੇ ਹਨ। ਆਪਣੇ ਇਲਾਕੇ ਦੇ ਪ੍ਰਚਲਤ 5 ਮੁਹਾਵਰੇ ਤੇ 5 ਅਖਾਣਾਂ ਨਾਲ ਜਾਣ-ਪਛਾਣ ਕਰਾਓ ਤੇ ਉਹਨਾਂ ਦਾ ਭਾਵ ਸਪਸ਼ਟ ਕਰਦੇ ਹੋਏ ਵਾਕ ਬਣਾਓ।